ੴ

## ਸੰਪਾਦਕ ਦੀ ਕਲਮ ਤੋਂ

# ਕਾਂਗਰਸ–ਭਾਜਪਾ–ਅਕਾਲੀ ਤਿਕੜੀ ’ਤੇ ਚੋਣਾਂ

ਚੋਣਾਂ ਦੇ ਘੋਰ ਸੰਗ੍ਰਾਮ ਦੀ ਰਣਭੇਰੀ ਵਜ ਚੁੱਕੀ ਹੈ। ਭਾਰਤ ਵਰਸ਼ ਦੀ ਰਾਜ ਸੱਤਾ ਰੂਪਸੀ ਹੱਥ ਵਿੱਚ ਵਰਮਾਲਾ ਲਈ ਸਵੰਬਰ ਲਈ ਮੰਡਪ ਵਿੱਚ ਪੁੱਜ ਚੁੱਕੀ ਹੈ। ਭਾਂਤ-ਭਾਂਤ ਦੇ, ਰੰਗ ਰੰਗ ਦੇ ਚੁਨਾਵੀ ਯੋਧੇ ਵਾਇਦਿਆਂ ਦੀਆਂ ਪੰਡਾਂ ਚੁੱਕੀ ਲਾਵ ਲਸ਼ਕਰ ਨਾਲ ਲੈਸ ਦਿੱਲੀ ਵੱਲ ਕੂਚ ਕਰ ਰਹੇ ਹਨ। ਇਨ੍ਹਾਂ ਵਿੱਚ ਕੁਝ ਤਾਂ ਰੱਥਾਂ ਅਤੇ ਪੁਸ਼ਪਕ ਵਿਮਾਨਾਂ ਤੇ ਸਵਾਰ ਹਨ ਤੇ ਕੋਈ ਹੋਰ ਕੁਝ ਨਾ ਮਿਲਿਆ ਤਾਂ ਆਪਣੇ ਸਾਥੀਆਂ ਦੇ ਮੋਢਿਆਂ ’ਤੇ ਹੀ ਸਵਾਰ ਚਲੇ ਆ ਰਹੇ ਹਨ। ਹਰ ਕੋਈ ਕਹਿ ਰਿਹਾ ਹੈ, ‘ਹੁਣ ਦਿੱਲੀ ਦੂਰ ਨਹੀਂ।’

ਪਰ ਇਸ ਚੋਣ ਸਮਰ ਵਿੱਚ ਕਾਮਯਾਬੀ ਲਈ, ਦਲੇਰੀ, ਹਿੰਮਤ, ਲਿਆਕਤ, ਦਿਆਨਤਦਾਰੀ ਦੇ ਮੁਕਾਬਲੇ ਕੇਵਲ ਇਕ ਹੀ ਚੀਜ਼ ਅਹਿਮੀਅਤ ਰੱਖੇਗੀ ਕਿ ਨਾਲ ਗਿਣਤੀ ਕਿੰਨੀ ਹੈ। ਜਮਹੂਰੀਅਤ ਜਾਂ ਪ੍ਰਜਾਤੰਤਰ ਦੀ ਇਹ ਇਕ ਵਿਸ਼ੇਸ਼ਤਾ ਹੈ ਕਿ ਇਥੇ ਸਿਰ ਗਿਣੇ ਜਾਂਦੇ ਹਨ ਤੋਲੇ ਨਹੀਂ ਜਾਂਦੇ।

ਜਮਹੂਰੀਅਤ ਕੀ ਹੈ, ਇਹ ਸਮਝਾਉਣ ਦੀ ਕੋਸ਼ਿਸ਼ ਕਰਦਿਆਂ ਰੰਗੀਲੇ ਕਾਲਮ ਨਵੀਸ਼ ਦੁਰਲਭ ਸਿੰਘ ਨੇ ‘ਰਣਜੀਤ ਨਗਾਰਾ’ ਵਿੱਚ ਲਿਖਿਆ ਸੀ,

***‘ਦਸ ਭੁੱਖੇ ਸੀ ਕਿਧਰੇ ਤੁਰੇ ਜਾਂਦੇ, ਵਿੱਚੋਂ ਨੌਂਵਾਂ ਨੇ ਭੁੰਨ ਕੇ ਕਾਂ ਖਾਧਾ।***
***ਇਕ ਭਲਾ ਲੋਕ ਸੀ ਰੱਬ ਦੇ ਖੌਫ਼ ਵਾਲਾ, ਉਸਨੇ ਨਹੀਉਂ ਭੁੰਨ ਕੇ ਕਾਂ ਖਾਧਾ।***
***ਪਿੰਡ ਆ ਕੇ ਭਲੇ ਨੇ ਗੱਲ ਕੀਤੀ, ਕਿ ਨੌਂਵਾਂ ਨੇ ਭੁੰਨ ਕੇ ਕਾਂ ਖਾਧਾ।***
***ਨੌਂਵਾਂ ਨੇ ਇਕ ਅਵਾਜ਼ ਹੋ ਕੇ, ਲਾ ਦਿੱਤਾ ਵਿਚਾਰੇ ਦਾ ਨਾਂਅ ਖਾਧਾ।’***

ਹੁਣ ਲੋਕਤੰਤਰ ਦੇ ਪਵਿੱਤਰ ਅਸੂਲਾਂ ਮੁਤਾਬਿਕ ਉਸ ਇਕ ਦੀ ਗੱਲ ਮੰਨੀ ਜਾਏਗੀ ਕਿ ਨੌਂਵਾਂ ਦੀ। ਉਸ ਭਲੇ ਲੋਕ ਦੇ ਖਾਨਦਾਨ ਦੀ ਅੱਲ ਹੀ ‘ਕਾਂ ਖਾਣਾ’ ਪੈ ਗਈ। ਮਾਸਟਰ ਤਾਰਾ ਸਿੰਘ ਵਾਰ-ਵਾਰ ਕਿਹਾ ਕਰਦੇ ਸਨ ਕਿ ਕਿਸੇ ਕੌਮ ਦੀ ਹੋਂਦ ਬਚੀ ਰਹਿ ਜਾਏ ਇਸ ਲਈ ਉਸ ਕੋਲ ਜਾਂ ਤਾਂ ਬਹੁਗਿਣਤੀ ਹੋਣੀ ਚਾਹੀਦੀ ਹੈ ਜਾਂ ‘ਵੀਟੋ’। ਇਸ ਵਾਰ ਦੀਆਂ ਚੋਣਾਂ ਬਹੁਤ ਹੀ ਅਹਿਮ ਹਨ। ਇਕ ਛਾਬੇ ਵਿੱਚੋਂ ਫੁਦਕ ਕੇ ਦੂਜੇ ਛਾਬੇ ਵਿੱਚ ਕੌਣ ਆ ਰਿਹਾ ਹੈ, ਕੌਣ ਜਾ ਰਿਹਾ ਹੈ ਇਸਦਾ ਹਿਸਾਬ ਤਾਂ ਚੋਣਾਂ ਦੇ ਮਾਹਿਰ ਪੰਡਿਤ ਵੀ ਨਹੀਂ ਲਗਾ ਪਾ ਰਹੇ। ਬਲਕਿ ਹੁਣ ਤਾਂ ਕਿਹੜਾ ਦਲ ਕਿਸ ਦਲ ਵਿੱਚ ਜਾ ਰਿਹਾ ਹੈ ਜਾਂ ਆ ਰਿਹਾ ਹੈ, ਇਹ ਵੀ ਬੁਝਾਰਤ ਬਣਿਆ ਹੋਇਆ ਹੈ।

ਕਿਸੇ ਵੇਲੇ ਇਸ ਦੇਸ਼ ਦੇ ਹੁਸਨ ਅਤੇ ਜਵਾਨੀ ਦੀ ਮੰਡੀ ਗਜ਼ਨੀ ਦੇ ਬਜ਼ਾਰਾਂ ਵਿੱਚ ਲੱਗਦੀ ਸੀ ਪਰ ਹੁਣ ਤਾਂ ਦੇਸ਼ ਦੇ ਅੰਦਰ ਹੀ ਇਨ੍ਹਾਂ ਵਿਕਾਊ ਆਗੂਆਂ ਦੀ ਮੰਡੀ ਲੱਗੀ ਹੋਈ ਹੈ। ਗੱਲ ਤਾਂ ਕੀਮਤ ਦੀ ਹੈ।

ਭਾਰਤ ਵਾਸੀਆਂ ਨੇ ਇਸ ਦੇਸ਼ ਲਈ ਜਮਹੂਰੀਅਤ, ਪ੍ਰਜਾਤੰਤਰ ਦੇ ਨਿਜ਼ਾਮ ਨੂੰ ਅਪਣਾਇਆ ਪਰ ਉਸ ਤੋਂ ਪਹਿਲਾਂ ਦੇਸ਼ ਦੇ ਜ਼ਿੰਮੇਵਾਰ ਆਗੂਆਂ ਨੇ ਲਿਖਤੀ ਤੌਰ ’ਤੇ ਇਕ ਪਵਿੱਤਰ ਅਹਿਦਨਾਮਾ ਕੀਤਾ ਕਿ ਘੱਟ ਗਿਣਤੀ ਦੀਆਂ ਭਾਵਨਾਵਾਂ, ਇੱਛਾਵਾਂ ਤੇ ਆਸਾਂ ਦੇ ਵਿਰੁੱਧ ਕੋਈ ਵੀ ਵਿਧਾਨਿਕ ਪਰਿਪਾਟੀ ਨਹੀਂ ਅਪਨਾਉਣਗੇ। ਪਰ ਜਿਹੜਾ ਢਾਂਚਾ ਅਮਲ ਵਿੱਚ ਲਿਆਂਦਾ ਗਿਆ, ਉਸ ਮੁਤਾਬਿਕ ਤਾਂ ਸਿੱਖਾਂ ਵਰਗੀ ਘੱਟ ਗਿਣਤੀ ਆਪਣੀ ਹੋਂਦ ਤੇ ਹਸਤੀ ਨੂੰ ਬਚਾਉਣ ਦੇ ਅਮਲ ਵਿੱਚ ਹੀ ਉਲਝੀ ਰਹੀ ਹੈ।

ਪੰਜਾਬ ਤੇ ਸਿੱਖਾਂ ਨੂੰ ਹਮੇਸ਼ਾ ਇਕ ਤਿਕੋਣ ਦਾ ਮੁਕਾਬਲਾ ਹੀ ਕਰਨਾ ਪੈਂਦਾ ਰਿਹਾ ਹੈ। ਜੇਕਰ ਅਠਾਰ੍ਹਵੀਂ ਸਦੀ ਵਿੱਚ ਸਿੱਖਾਂ ਦਾ ਵਾਹ ਮੁਗਲਾਂ, ਦੁਰਾਨੀਆਂ ਨਾਲ ਰਿਹਾ ਤੇ ਮੁੱਦਾ ਇਹ ਸੀ ਕਿ ਪੰਜਾਬ ਅਫ਼ਗਾਨਿਸਤਾਨ ਦਾ ਹਿੱਸਾ ਬਣੇਗਾ ਜਾਂ ਹਿੰਦੁਸਤਾਨ ਦਾ। ਫਿਰ ਪਿਛਲੀ ਸਦੀ ਦੇ ਆਰੰਭ ਵਿੱਚ ਸਿੱਖਾਂ ਨੂੰ ਭਰਮਾਉਣ ਲਈ ਵਾਇਦਿਆਂ ਦੇ ਪਿਟਾਰੇ ਲਈ ਮੁਸਲਿਮ ਲੀਗ ਤੇ ਕਾਂਗਰਸੀ ਆਗੂ ਸਨ ਤੇ ਹੁਣ ਚੋਣਾਂ ਦੇ ਸੰਦਰਭ ਵਿੱਚ ਪੰਥ ਦਾ ਵਾਹ ਮੁੱਖ ਤੌਰ ’ਤੇ ਭਾਜਪਾ ਅਤੇ ਕਾਂਗਰਸ ਨਾਲ ਹੈ। ਪੰਥ ਦੀ ਤਰਜਮਾਨੀ ਦਾ ਦਾਅਵਾ ਕਰਨ ਵਾਲੀ ਪਾਰਟੀ ਅਕਾਲੀ ਦਲ ਨੇ ਤਾਂ ਆਪਣੇ ਆਪ ਨੂੰ ਨਾ ਕੇਵਲ ਕਾਨੂੰਨੀ ਤੌਰ ’ਤੇ ‘ਧਰਮ ਨਿਰਪੱਖ’ (ਧਰਮ ਵਿਹੀਣ ?) ਦਲ ਹੀ ਘੋਸ਼ਿਤ ਕਰ ਦਿੱਤਾ ਹੈ ਬਲਕਿ ਇਹ ਧਿਆਨ ਰੱਖਿਆ ਹੈ ਕਿ ਪੰਥ ਜਾਂ

ਐਲਾਨੇ ਗਏ ਪੰਥਕ ਮੁੱਦਿਆਂ ਦਾ ਜ਼ਿਕਰ ਤੱਕ ਨਾ ਆਵੇ। ਇੰਦਰਾ ਦੇ ਰਾਜਕਾਲ ਸਮੇਂ ਜਿਸ ਤਰ੍ਹਾਂ ਕਾਂਗਰਸ ਪ੍ਰਧਾਨ ਦੇਵ ਕਾਂਤ ਬਰੂਆ ਨੇ 'ਇੰਦਰ-ਇੰਡਿਆ ਤੇ ਇੰਡਿਆ ਇੰਦਰਾ ਹੈ' ਦੀ ਰਟ ਲਾਈ ਸੀ ਉਸੇ ਤਰ੍ਹਾਂ ਹੁਣ ਵਿਅਕਤੀਵਾਦ ਦਾ ਸਿਮਰਨਾ ਫੜ ਕੇ 'ਬਾਦਲ ਪੰਥ ਹੈ, ਪੰਥ ਬਾਦਲ ਹੈ' ਦਾ ਜਾਪ ਜਪਿਆ ਜਾ ਰਿਹਾ ਹੈ। ਹੁਣ ਤਾਂ ਸੁਖਬੀਰ ਸਿੰਘ ਬਾਦਲ ਵੱਲੋਂ ਸ਼ਰੇਆਮ 'ਬਾਦਲ ਪਰਿਵਾਰ' ਲਈ ਵੋਟਾਂ ਮੰਗੀਆਂ ਜਾ ਰਹੀਆਂ ਹਨ। ਕੀ ਪੰਥ ਦਾ ਵਿਕਾਸ ਬਾਦਲ ਪਰਿਵਾਰ ਦੇ ਵਿਕਸਤ ਹੋਣ ਨਾਲ ਜੁੜ ਗਿਆ ਹੈ। ਇਹ ਸਭ ਕੁਝ ਕਰਕੇ ਹੀ ਇਕ ਅਹਿਮ ਪੰਥਕ ਸੰਸਥਾ 'ਸ਼੍ਰੋਮਣੀ ਅਕਾਲੀ ਦਲ' ਨੂੰ ਪੂਰੀ ਤਰ੍ਹਾਂ ਭਾਜਪਾ ਦੇ ਜ਼ੇਰ ਕਰ ਦਿੱਤਾ ਗਿਆ ਹੈ। ਅਕਾਲੀ ਦਲ ਇਕ ਪੰਥਕ ਸੰਸਥਾ ਹੀ ਨਹੀਂ ਬਲਕਿ ਗੁਰੂ ਪੰਥ ਦੇ ਸੰਕਲਪ ਦੀ ਤਰਜਮਾਨੀ ਕਰਦਾ ਸੀ।

ਕਾਂਗਰਸ ਨੇ ਨਹਿਰੂ-ਗਾਂਧੀ ਵਿਚਾਰਧਾਰਾ 'ਤੇ ਅਮਲ ਕਰਦਿਆਂ ਦਰਬਾਰ ਸਾਹਿਬ 'ਤੇ ਹਮਲਾ ਕੀਤਾ। ਦੂਸਰੇ ਪਾਸੇ ਜੇ ਭਾਜਪਾ ਅਤੇ ਉਸਦੇ ਕਾਰਕੁੰਨ ਇੰਦਰਾ ਗਾਂਧੀ ਦੀ ਇਸ ਵਹਿਸ਼ਿਆਨਾ ਕਾਰਵਾਈ ਤੇ ਉਸ ਨੂੰ ਵਧਾਈ ਜਾਂ ਉਸਦਾ ਸਾਥ ਨਾ ਦਿੰਦੇ ਤਾਂ ਇਸ ਹਮਲੇ ਦੇ ਬਾਅਦ ਅੰਨੀ ਬਹੁਗਿਣਤੀ ਨਾਲ ਕਾਂਗਰਸ ਸਰਕਾਰ ਨਾ ਬਣਦੀ। ਪਰ ਇਹ ਵੀ ਇਕ ਤਲਖ ਸੱਚਾਈ ਹੈ ਕਿ 1984 ਵਿੱਚ ਦਰਬਾਰ ਸਾਹਿਬ 'ਤੇ ਹਮਲਾ ਕਰਨ ਤੋਂ ਪਹਿਲੇ 1983 ਵਿੱਚ ਭਾਜਪਾ ਆਗੂਆਂ ਨੇ ਹਰਬੰਸ ਲਾਲ ਖੰਨਾ ਦੀ ਅਗਵਾਈ ਵਿੱਚ ਅੰਮ੍ਰਿਤਸਰ ਸਟੇਸ਼ਨ 'ਤੇ ਲੱਗੇ ਦਰਬਾਰ ਸਾਹਿਬ ਦੇ ਮਾਡਲ ਨੂੰ ਤੋੜਿਆ ਅਤੇ ਗੁਰੂ ਰਾਮਦਾਸ ਜੀ ਦੀ ਤਸਵੀਰ ਨੂੰ ਤੋੜ ਕੇ ਉਸ ਉੱਤੇ ਮਲ-ਮੂਤਰ ਵੀ ਸੁੱਟਿਆ।

ਇਹ ਸਾਰਾ ਵੇਰਵਾ ਸ਼੍ਰੋਮਣੀ ਕਮੇਟੀ ਨੇ ਆਪਣੇ 'ਵਾਈਟ ਪੇਪਰ' ਵਿੱਚ ਛਾਪਿਆ। ਭਾਜਪਾ ਨੇ ਉਸੇ ਹਰਬੰਸ ਲਾਲ ਖੰਨਾ ਦਾ ਸਨਮਾਨ ਕਰਦਿਆਂ ਅੰਮ੍ਰਿਤਸਰ ਵਿੱਚ ਉਸਦੀ ਯਾਦਗਾਰ ਸਥਾਪਤ ਕੀਤੀ ਤੇ ਅਕਾਲੀ ਦਲ ਨੇ ਅੰਮ੍ਰਿਤਸਰ ਦੀ ਇਹ ਸੀਟ ਭਾਜਪਾ ਦੇ ਹਵਾਲੇ ਕਰ ਦਿੱਤੀ।

ਕੁਝ ਸਾਲ ਪਹਿਲਾਂ ਇੰਗਲੈਂਡ ਵਿੱਚ ਕਿਸੇ ਸੈਮੀਨਾਰ ਵਿੱਚ ਮੇਜਰ ਮੈਕਲਸ਼ਾਰਟ ਬੋਲ ਰਹੇ ਸਨ। ਮੇਜਰ ਸਾਹਿਬ ਪੁਰਾਣੇ ਸਮੇਂ ਵਿੱਚ ਸਿੱਖ ਰੈਜਿਮੈਂਟ ਵਿੱਚ ਰਹਿ ਚੁੱਕੇ ਸਨ। ਉਨ੍ਹਾਂ ਨੇ ਕਿਹਾ ਕਿ ਹੁਣ ਭਾਰਤ ਦੀ ਪਾਰਲੀਮੈਂਟ ਵਿੱਚ ਕੋਈ ਸਿੱਖ ਨੁਮਾਇੰਦਾ ਨਹੀਂ ਹੈ। ਇਸ 'ਤੇ ਸਰੋਤਿਆਂ ਵਿੱਚੋਂ ਕਿਸੇ ਨੇ ਤਿੰਨ-ਚਾਰ ਸਿੱਖ ਮੈਂਬਰਾਂ ਦੇ ਨਾਮ ਗਿਣਾਏ ਤਾਂ ਮੇਜਰ ਮੈਕਲਸ਼ਾਰਟ ਨੇ ਕਿਹਾ ਕਿ ਹਾਂ ਸਿੱਖ ਮੈਂਬਰ ਤਾਂ ਹਨ ਪਰ ਉਹ ਸਿੱਖਾਂ ਦੇ ਨੁਮਾਇੰਦੇ ਨਹੀਂ ਉਹ ਤਾਂ ਸਾਂਝੀਆਂ ਚੋਣਾਂ ਲੜ ਕੇ ਸਾਂਝੇ ਉਮੀਦਵਾਰ ਹਨ। ਹੁਣ ਤਾਂ ਹਾਲਤ ਹੋਰ ਵੀ ਨਿਘਰ ਗਈ ਹੈ। ਪਹਿਲਾਂ ਸਿੱਖ ਜਾਂ ਪੰਥਕ ਹੋਣ ਦੀ ਗੱਲ ਤਾਂ ਕੀਤੀ ਜਾਂਦੀ ਸੀ ਪਰ ਹੁਣ ਤਾਂ ਇਸ ਦਾ ਜ਼ਿਕਰ ਤੱਕ ਕਰਨਾ ਵੀ ਗਵਾਰਾ ਨਹੀਂ ਤੇ ਸਿੱਖਾਂ ਨੂੰ ਭਾਜਪਾ ਤੇ ਕਾਂਗਰਸ ਵਿੱਚੋਂ ਚੁਣਨ ਲਈ ਕਹਿਣਾ ਇਸੇ ਤਰ੍ਹਾਂ ਹੈ ਕਿ ਕਿਸੇ ਬੱਕਰੇ ਨੂੰ ਪੁੱਛਿਆ ਜਾਏ ਕਿ ਹਲਾਲ ਚੰਗਾ ਹੈ ਜਾਂ ਝਟਕਾ। ਉਸਦਾ ਤਾਂ ਜਵਾਬ ਇਹੋ ਹੀ ਹੋਵੇਗਾ, 'ਹਰ ਦੋ ਲਾਅਨਤ'।

